HIGHER EDUCATION

**ਦਫ਼ਤਰ, ਡਾਇਰੈਕਟਰ, ਸਿੱਖਿਆ ਵਿਭਾਗ (ਕਾਲਜਾਂ), ਪੰਜਾਬ, ਐਸ.ਏ.ਐਸ. ਨਗਰ**

**(ਅਮਲਾ ਸ਼ਾਖਾ)** dpicamla@gmail.com

ਵੱਲ,

ਰਾਜ ਦੇ ਸਮੂਹ ਸਰਕਾਰੀ ਕਾਲਜਾਂ ਦੇ ਪ੍ਰਿੰਸੀਪਲਜ਼ / ਡੀ.ਡੀ.ਓਜ਼,

ਅੰਕ ਨੰ:- ੨੦੨੨ ੩੮੪੯ /5-1-੨੦੨੨

ਮਿਤੀ: ਐਸ.ਏ.ਐਸ. ਨਗਰ, 26-12-2021

**ਵਿਸ਼ਾ:- ਕਾਲਜ ਪ੍ਰਿੰਸੀਪਲਜ਼ / ਡੀ.ਡੀ.ਓ. ਵੱਲੋਂ ਕਾਲਜ ਲਾਇਬ੍ਰੇਰੀਆਂ 'ਚ ਸੁਧਾਰ ਕਰਨ ਸਬੰਧੀ ਦਿਸ਼ਾ ਨਿਰਦੇਸ਼।**

ਮਿਤੀ 16-12-2021 ਨੂੰ ਮਾਨਯੋਗ ਸਕੱਤਰ, ਪੰਜਾਬ ਸਰਕਾਰ, ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ, ਦੀ ਪ੍ਰਧਾਨਗੀ ਹੇਠ ਆਪ ਸਭ ਨਾਲ ਹੋਈ ਮੀਟਿੰਗ ਦੌਰਾਨ ਕਾਲਜ ਲਾਇਬ੍ਰੇਰੀਆਂ ਸਬੰਧੀ ਮੁਦਿੱਆਂ ਤੇ ਵਿਚਾਰ ਕੀਤਾ ਗਿਆ, ਜਿਸ ਅਨੁਸਾਰ ਕਾਲਜ ਪ੍ਰਿੰਸੀਪਲਜ਼ / ਡੀ.ਡੀ.ਓ. ਆਪਣੇ ਆਪਣੇ ਕਾਲਜਾਂ ਵਿੱਚ ਹੇਠ ਲਿਖੀਆਂ ਗੱਲਾਂ ਅਪਨਾਉਣੀਆਂ ਯਕੀਨੀ ਬਨਾਉਣਗੇ:-

1. ਕਾਲਜ ਦੇ ਵਿਦਿਆਰਥੀਆਂ ਨੂੰ ਲਾਇਬ੍ਰੇਰੀ ਵਿੱਚ ਬੈਠ ਕੇ ਪੜ੍ਹਨ ਦੀ ਆਦਤ ਅਪਨਾਉਣ ਲਈ ਪ੍ਰੋਤਸਾਹਿਤ ਕਰਨ ਅਤੇ ਉਹਨਾਂ ਨੂੰ ਬਿਨ੍ਹਾਂ ਕਾਰਨ ਕਾਲਜ ਵਿੱਚ ਇੱਧਰ-ਉੱਧਰ ਘੁੰਮਣ ਤੋਂ ਗੁਰੇਜ਼ ਕਰਨ ਲਈ ਆਦੇਸ਼ ਕਰਨ।
2. ਕਾਲਜ ਲਾਇਬ੍ਰੇਰੀ ਵਿੱਚ ਵਿਦਿਆਰਥੀਆਂ ਦੇ ਬੈਠਣ ਲਈ ਵੱਧ ਤੋਂ ਵੱਧ ਸੀਟਾਂ ਦਾ ਪ੍ਰਬੰਧ ਕਰਨ ਤਾਂ ਜੋ ਲਾਇਬ੍ਰੇਰੀ ਵਿੱਚ ਇੱਕੋ ਹੀ ਸਮੇਂ ਵੱਧ ਤੋਂ ਵੱਧ ਵਿਦਿਆਰਥੀ ਬੈਠ ਕੇ ਪੜ੍ਹ ਸਕਨ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਲਾਇਬ੍ਰੇਰੀ ਵਿੱਚ ਵਿਦਿਆਰਥੀ ਸ਼ੋਰ ਨਾ ਕਰਨ ਬਲਕਿ ਸ਼ਾਂਤੀ ਨਾਲ ਬੈਠ ਕੇ ਪੜ੍ਹਨ।
3. ਇਹ ਯਕੀਨੀ ਬਣਾਇਆ ਜਾਵੇ ਕਿ ਲਾਇਬ੍ਰੇਰੀ ਸਟਾਫ਼ ਦਾ ਵਤੀਰਾ ਵਿਦਿਆਰਥੀਆਂ ਪ੍ਰਤੀ ਮੱਦਦਗਾਰ ਹੋਵੇ ਤਾਂ ਜੋ ਵਿਦਿਆਰਥੀ ਲਾਇਬ੍ਰੇਰੀ ਵਿੱਚ ਆਉਣ ਤੋਂ ਝਿਜਕਣ ਨਾ।
4. ਕਾਲਜ ਪ੍ਰਿੰਸੀਪਲਜ਼ / ਡੀ.ਡੀ.ਓ. ਖੁਦ ਹਰ ਰੋਜ਼ ਲਾਇਬ੍ਰੇਰੀ ਤੋਂ Issue ਹੋਣ ਵਾਲੀਆਂ ਕਿਤਾਬਾਂ ਦੀ ਗਿਣਤੀ monitor ਕਰਨ ਅਤੇ ਇਹ ਗਿਣਤੀ ਵਧਾਉਣ ਲਈ ਉਪਰਾਲੇ ਕਰਨ। ਇਸ ਮੰਤਵ ਲਈ Issue/Return ਰਜਿਸਟਰ ਹਰ ਰੋਜ਼ ਪ੍ਰਿੰਸੀਪਲਜ਼ / ਡੀ.ਡੀ.ਓ. ਤੋਂ counter sign ਕਰਵਾਇਆ ਜਾਵੇ।
5. ਕਾਲਜ ਪ੍ਰਿੰਸੀਪਲਜ਼ / ਡੀ.ਡੀ.ਓ. ਇਹ ਯਕੀਨੀ ਬਨਾਉਣ ਕਿ ਜਿਹੜੀਆਂ ਕਿਤਾਬਾਂ ਅਧਿਆਪਕਾਂ ਵੱਲੋਂ ਕਲਾਸਾਂ ਵਿੱਚ ਲਗਵਾਈਆਂ ਜਾਂਦੀਆਂ ਹਨ, ਉਹੀ ਕਿਤਾਬਾਂ ਲੋੜ ਅਨੁਸਾਰ ਮਾਤਰਾ ਵਿੱਚ ਲਾਇਬ੍ਰੇਰੀ ਵਿੱਚ ਉਪਲਭਦ ਹੋਣ। ਇਸ ਨੂੰ ਯਕੀਨੀ ਬਨਾਉਣ ਲਈ ਪ੍ਰਿੰਸੀਪਲ ਨਿੱਜੀ ਤੌਰ ਤੇ ਜਾ ਕੇ ਲਾਇਬ੍ਰੇਰੀ ਦਾ ਮੁਆਇਨਾ ਕਰਨ।
6. ਆਮ ਤੌਰ ਤੇ ਕਾਲਜਾਂ ਵਿੱਚ ਇਹ ਪ੍ਰਥਾ ਹੈ ਕਿ ਵਿਦਿਆਰਥੀਆਂ ਨੂੰ ਸਮੈਸਟਰ ਦੇ ਅੰਤ ਵਿੱਚ ਯੂਨੀਵਰਸਿਟੀ ਪ੍ਰੀਖਿਆਵਾਂ ਲਈ ਰੋਲ ਨੰਬਰ ਤਾਂ ਹੀ ਜਾਰੀ ਕੀਤੇ ਜਾਂਦੇ ਹਨ ਜੇਕਰ ਉਹ ਲਾਇਬ੍ਰੇਰੀ ਦੀਆਂ ਕਿਤਾਬਾਂ ਵਾਪਸ ਕਰਦੇ ਹਨ, ਜੋ ਕਿ ਵਿਦਿਆਰਥੀਆਂ ਪੱਖੋਂ ਬਹੁਤ ਹੀ ਨੁਕਸਾਨ ਦਾਇਕ ਹੈ, ਕਿਉਂਕਿ ਵਿਦਿਆਰਥੀਆਂ ਨੂੰ ਪ੍ਰੀਖਿਆਵਾਂ ਦੇ ਦਿਨ੍ਹਾਂ 'ਚ ਹੀ ਉਹੀ ਕਿਤਾਬਾਂ ਦੀ ਸਖ਼ਤ ਜ਼ਰੂਰਤ ਹੁੰਦੀ ਹੈ ਜਿਹੜੀਆਂ ਕਿਤਾਬਾਂ ਤੋਂ ਉਹਨਾਂ ਨੇ ਪੜ੍ਹਾਈ ਕੀਤੀ ਹੁੰਦੀ ਹੈ।ਅਜਿਹਾ ਨਾ ਕਰਦੇ ਹੋਏ ਪ੍ਰਿੰਸੀਪਲਜ਼ / ਡੀ.ਡੀ.ਓ. ਇਸ ਦਾ ਕੋਈ ਢੁਕਵਾਂ ਹੱਲ ਕੱਢਣ ਕਿ ਵਿਦਿਆਰਥੀਆਂ ਤੋਂ ਕਿਤਾਬਾਂ ਪ੍ਰੀਖਿਆਵਾਂ ਖਤਮ ਹੋਣ ਉਪਰੰਤ ਹੀ ਵਾਪਸ ਲਈਆਂ ਜਾਣ।

7. ਕਾਲਜ ਪ੍ਰਿੰਸੀਪਲਜ਼ / ਡੀ.ਡੀ.ਓ. ਇਹ ਯਕੀਨੀ ਬਣਾਉਣ ਕਿ ਕਾਲਜ ਲਾਇਬ੍ਰੇਰੀ ਵਿੱਚ ਪਈ ਹਰ ਇੱਕ ਕਿਤਾਬ ਵਿਦਿਆਰਥੀਆਂ ਵੱਲੋਂ, ਇੱਕ ਅਕਾਦਮਿਕ ਵਰ੍ਹੇ 'ਚ ਘੱਟ ਤੋਂ ਘੱਟ 10 ਵਾਰ Issue ਕਰਵਾਈ ਜਾਵੇ।

8. ਕਾਲਜ ਪ੍ਰਿੰਸੀਪਲਜ਼ / ਡੀ.ਡੀ.ਓ. ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਆਪਣੇ ਕਾਲਜ ਲਾਇਬ੍ਰੇਰੀ ਦੀ KOHA software ਨਾਲ upgradation ਕਰਵਾਉਣਾ ਯਕੀਨੀ ਬਣਾਉਣ।

9. ਕਾਲਜ ਪ੍ਰਿੰਸੀਪਲਜ਼ / ਡੀ.ਡੀ.ਓ ਇਹ ਯਕੀਨੀ ਬਣਾਉਣ ਕਿ ਕਾਲਜ ਲਾਇਬ੍ਰੇਰੀ ਵਿੱਚ ਕਿਤਾਬਾਂ ਅਲਮਾਰੀਆਂ ਵਿੱਚ ਤਾਲੇ ਲਗਾ ਕੇ ਨਹੀ ਰੱਖੀਆਂ ਹੋਈਆਂ, ਬਲਕਿ ਲਾਇਬ੍ਰੇਰੀ ਦੀ ਹਰ ਇੱਕ ਕਿਤਾਬ ਵਿਦਿਆਰਥੀਆਂ ਦੀ ਪਹੁੰਚ ਅਧੀਨ ਹੈ।

10. ਕਾਲਜ ਪ੍ਰਿੰਸੀਪਲਜ਼ / ਡੀ.ਡੀ.ਓ ਖੁਦ ਕੁਝ ਸਮ੍ਹਾਂ ਲਾਇਬ੍ਰੇਰੀ ਵਿੱਚ ਵਿਦਿਆਰਥੀਆਂ ਦੇ ਵਿਚਕਾਰ ਬੈਠ ਕੇ ਕਿਤਾਬਾਂ ਪੜ੍ਹਨ ਤੇ ਲਗਾਉਣ। ਇਸ ਨਾਲ ਨਾ ਕੇਵਲ ਪ੍ਰਿੰਸੀਪਲਜ਼ ਨੂੰ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਸਮਝਣ ਦਾ ਮੌਕਾ ਮਿਲੇਗਾ, ਬਲਕਿ ਵਿਦਿਆਰਥੀਆਂ ਵਿੱਚ ਵੀ ਇਹ ਇੱਕ ਆਤਮ ਵਿਸ਼ਵਾਸ ਪੈਦਾ ਕਰੇਗਾ ਕਿ ਕਾਲਜ ਦੇ ਪ੍ਰਿੰਸੀਪਲ ਖ਼ੁਦ ਉਹਨਾਂ ਦੇ ਵਿਚਕਾਰ ਬੈਠ ਕੇ ਕਿਤਾਬ ਪੜ੍ਹ ਰਹੇ ਹਨ ਅਤੇ ਵਿਦਿਆਰਥੀਆਂ ਦੀ ਲਾਇਬ੍ਰੇਰੀ ਲਈ ਹੋਰ ਵੀ ਰੂਚੀ ਵਧੇਗੀ।

11. ਕਾਲਜ ਪ੍ਰਿੰਸੀਪਲਜ਼ / ਡੀ.ਡੀ.ਓ ਇਹ ਯਕੀਨੀ ਬਣਾਉਣ ਕਿ ਕਾਲਜ ਲਾਇਬ੍ਰੇਰੀ ਵਿੱਚ ਇੱਕ ਸੁਝਾਵ/ਸ਼ਿਕਾਇਤ ਬਾਕਸ ਤਾਲਾ ਲਗਾ ਕੇ ਵਿਦਿਆਰਥੀਆਂ ਦੀ ਪਹੁੰਚ ਅਧੀਨ ਰੱਖਿਆ ਹੋਵੇ, ਜਿਸ ਦੀ ਚਾਬੀ ਲਾਇਬ੍ਰੇਰੀ ਸਟਾਫ਼ ਕੋਲ ਨਾ ਹੋਵੇ ਬਲਕਿ ਖ਼ੁਦ ਪ੍ਰਿੰਸੀਪਲ ਕੋਲ ਹੋਵੇ ਅਤੇ ਪ੍ਰਿੰਸੀਪਲਜ਼ ਖ਼ੁਦ ਇਹਨਾਂ ਸ਼ਿਕਾਇਤਾਂ ਦਾ ਨਿਪਟਾਰਾ ਹਫ਼ਤੇ ਵਾਰ ਕਰਨ।

12. ਕਾਲਜ ਪ੍ਰਿੰਸੀਪਲਜ਼ / ਡੀ.ਡੀ.ਓ ਇਹ ਯਕੀਨੀ ਬਣਾਉਣ ਕਿ ਉਹਨਾਂ ਦੇ ਕਾਲਜ ਦਾ ਹਰ ਇੱਕ ਅਧਿਆਪਕ ਹਰ ਇੱਕ ਮਹੀਨੇ ਵਿੱਚ ਕੋਈ ਵੀ ਇੱਕ ਕਿਤਾਬ ਪੜ੍ਹੇ ਜੋ ਕਿ ਅਧਿਆਪਕ ਵੱਲੋਂ ਪੜ੍ਹਾਏ ਜਾਣ ਵਾਲੇ ਸਿਲੇਬਸ ਤੋਂ ਵੱਖਰੀ ਹੋਵੇ ਅਤੇ ਕਾਲਜ ਦਾ ਹਰ ਇੱਕ ਵਿਦਿਆਰਥੀ ਹਰ ਦੋ ਮਹੀਨਿਆਂ ਵਿੱਚ ਕੋਈ ਵੀ ਇੱਕ ਕਿਤਾਬ ਪੜ੍ਹੇ ਜੋ ਕਿ ਵਿਦਿਆਰਥੀ ਦੇ ਸਿਲੇਬਸ ਤੋਂ ਵੱਖਰੀ ਹੋਵੇ।

13. ਕਾਲਜ ਪ੍ਰਿੰਸੀਪਲਜ਼ / ਡੀ.ਡੀ.ਓ ਖ਼ੁਦ ਇਹ ਗੱਲ ਚੈਕ ਕਰਨ ਕਿ ਪਿਛਲੇ ਪੰਜ ਸਾਲ੍ਹਾਂ ਵਿੱਚ ਕਿੰਨ੍ਹੇ ਅਧਿਆਪਕਾਂ ਨੇ ਕਿੰਨੀਆਂ ਕਿਤਾਬਾਂ ਲਾਇਬ੍ਰੇਰੀ ਵਿੱਚੋਂ Issue ਕਰਵਾ ਕੇ ਪੜ੍ਹੀਆਂ।

14. ਕਾਲਜ ਪ੍ਰਿੰਸੀਪਲਜ਼ / ਡੀ.ਡੀ.ਓ ਆਪਣੇ ਕਾਲਜ ਦੀ ਲਾਇਬ੍ਰੇਰੀ, ਕਾਲਜ ਸਮ੍ਹੇ ਤੋਂ ਬਾਅਦ, ਸ਼ਹਿਰ ਵਿੱਚ ਪੈਂਦੇ ਬਾਕੀ ਸਰਕਾਰੀ ਕਾਲਜਾਂ ਦੇ ਵਿਦਿਆਰਥੀਆਂ ਲਈ, ਖੋਲਣ ਦੇ ਉਪਰਾਲੇ ਕਰਨ। ਅਜਿਹੇ ਹੀ ਉਪਰਾਲੇ ਉਹ ਆਮ ਜਨਤਾ ਲਈ, ਕਾਲਜ ਸਮ੍ਹੇ ਤੋਂ ਬਾਅਦ, ਲਾਇਬ੍ਰੇਰੀ ਖੋਲਣ ਲਈ ਕਰਨ।

15. ਕਾਲਜ ਦੀ ਲਾਇਬ੍ਰੇਰੀ ਸਮ੍ਹੇਂ ਸਿਰ ਖੋਲ੍ਹੀ ਅਤੇ ਬੰਦ ਕੀਤੀ ਜਾਵੇ ਤਾਂ ਜੋ ਕਿਸੇ ਵੀ ਸਮ੍ਹੇਂ ਵਿਦਿਆਰਥੀਆਂ ਨੂੰ ਲਾਇਬ੍ਰੇਰੀ ਬੰਦ ਵੇਖ ਕੇ ਨਿਰਾਸ਼ ਹੋ ਕੇ ਵਾਪਸ ਨਾ ਪਰਤਨਾ ਪਵੇ।

ਉਪਰੋਕਤ ਗੱਲ੍ਹਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ ਅਤੇ ਇ੍ਹਨਾਂ ਦੀ ਪੂਰਤੀ ਸਬੰਧੀ ਰਿਪੋਰਟ ਇੱਕ ਹਫ਼ਤੇ ਦੇ ਅੰਦਰ-ਅੰਦਰ ਵਿਭਾਗ ਨੂੰ ਭੇਜੀ ਜਾਵੇ।

ਉਪਕਾਰ ਸਿੰਘ,
ਆਈ.ਏ.ਐਸ.
ਡਾਇਰੈਕਰ, ਸਿੱਖਿਆ ਵਿਭਾਗ (ਕਾਲਜਾਂ),
ਪੰਜਾਬ।